# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 24-12-2024**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ ਵਿੱਚ ਨੀਤੀ ਆਯੋਗ ਵਿਖੇ ਉੱਘੇ ਅਰਥਸ਼ਾਸਤਰੀਆਂ ਨਾਲ ਬਜਟ ਤੋਂ ਪਹਿਲਾਂ ਦੇ ਸਲਾਹ-ਮਸ਼ਵਰਿਆਂ ਵਿੱਚ ਸ਼ਿਰਕਤ ਕੀਤੀ.
- ਰਾਸ਼ਟਰੀ ਖਪਤਕਾਰ ਦਿਵਸ ਦੇ ਮੌਕੇ 'ਤੇ, ਖਪਤਕਾਰ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਅੱਜ ਖਪਤਕਾਰਾਂ ਨੂੰ ਸ਼ਕਤੀ ਪ੍ਰਦਾਨ ਕਰਨ ਦੇ ਉਦੇਸ਼ ਨਾਲ ਕਈ ਪਹਿਲਕਦਮੀਆਂ ਦੀ ਸ਼ੁਰੂਆਤ ਕੀਤੀ।
- ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਵਸੀਲਿਆਂ ਬਾਰੇ ਮੰਤਰੀ, ਅਮਨ ਅਰੋੜਾ ਨੇ ਕਿਹਾ ਏ ਕਿ ਪੰਜਾਬ ਸਰਕਾਰ ਵੱਲੋਂ ਸੂਬੇ'ਚ ਕੁੱਲ 264 ਮੈਗਾਵਾਟ ਸਮਰੱਥਾ ਦੇ 66 ਸੂਰਜੀ ਊਰਜਾ ਪਲਾਂਟ ਕਾਇਮ ਕੀਤੇ ਜਾਣਗੇ ।

- ਪੰਜਾਬ'ਚ ਤਪਦਿਕ ਦੇ ਖਾਤਮੇ ਲਈ 100 ਦਿਨਾ ਮੁਹਿੰਮ ਸਫਲਤਾ ਨਾਲ ਜਾਰੀ ਏ.
- ਮੌਸਮ ਵਿਭਾਗ ਅਗਲੇ ਦੋ ਦਿਨਾਂ ਦੌਰਾਨ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਸੰਘਣੀ ਧੁੰਦ ਦੇ ਹਾਲਾਤ ਬਣੇ ਰਹਿਣ ਦੀ ਸੰਭਾਵਨਾ ਜਤਾਈ ਏ।

--------------------------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ ਵਿੱਚ ਨੀਤੀ ਆਯੋਗ ਵਿੱਚ ਉੱਘੇ ਅਰਥਸ਼ਾਸਤਰੀਆਂ ਨਾਲ ਬਜਟ ਤੋਂ ਪਹਿਲਾਂ ਦੇ ਸਲਾਹ-ਮਸ਼ਵਰਿਆਂ ਵਿੱਚ ਸ਼ਿਰਕਤ ਕੀਤੀ. ਕੇਂਦਰੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ, ਨੀਤੀ ਆਯੋਗ ਦੇ ਸੀਈਓ ਬੀਵੀਆਰ ਸੁਭਰਾਮਨੀਅਮ ਅਤੇ ਹੋਰ ਸੀਨੀਅਰ ਅਧਿਕਾਰੀਆਂ ਨੇ ਮੀਟਿੰਗ ਵਿੱਚ ਹਿੱਸਾ ਲਿਆ। ਕੇਂਦਰੀ ਬਜਟ 2025-26 ਲਈ ਬਜਟ ਤੋਂ ਪਹਿਲਾਂ ਦੇ ਸਲਾਹ-ਮਸ਼ਵਰੇ ਇਸ ਮਹੀਨੇ ਦੀ 6 ਤਰੀਕ ਨੂੰ ਸ਼ੁਰੂ ਹੋਏ ਸਨ। ਸ੍ਰੀਮਤੀ ਸੀਤਾਰਮਨ ਨੇ ਵੱਖ-ਵੱਖ ਰਾਜਾਂ ਦੇ ਖਜ਼ਾਨਾ ਮੰਤਰੀਆਂ, ਕਿਸਾਨ ਸੰਗਠਨਾਂ, ਅਰਥ ਸ਼ਾਸਤਰੀਆਂ ਅਤੇ MSMEs ਨਾਲ ਸਲਾਹ ਮਸ਼ਵਰਾ ਕੀਤਾ ਸੀ। ਕੇਂਦਰੀ

ਖਜ਼ਾਨਾ ਮੰਤਰੀ ਵੱਲੋਂ ਪਹਿਲੀ ਫਰਵਰੀ ਨੂੰ ਲੋਕ ਸਭਾ ਵਿੱਚ 2025-26 ਦਾ ਬਜਟ ਪੇਸ਼ ਕੀਤੇ ਜਾਣ ਦੀ ਉਮੀਦ ਏ।

---------------------------------------------------------

ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ 100ਵੀਂ ਜਨਮ ਵਰ੍ਹੇਗੰਢ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਭਲਕੇ ਮੱਧ ਪ੍ਰਦੇਸ਼ ਦਾ ਦੌਰਾ ਕਰਨਗੇ। ਉਹ ਖਜੂਰਾਹੋ ਵਿੱਚ ਕਈ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਨਗੇ ਤੇ ਨੀਂਹ ਪੱਥਰ ਰੱਖਣਗੇ। ਪ੍ਰਧਾਨ ਮੰਤਰੀ ਕੇਨ-ਬੇਤਵਾ ਦਰਿਆ ਨੂੰ ਜੋੜਨ ਵਾਲੇ ਰਾਸ਼ਟਰੀ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਣਗੇ, ਜੋ ਰਾਸ਼ਟਰੀ ਪਰਿਪੇਖ ਜਨਾ ਤਹਿਤ ਦਰਿਆਵਾਂ ਨੂੰ ਆਪਸ ਵਿੱਚ ਜੋੜਨਵਾਲਾ ਦੇਸ਼ ਦਾ ਪਹਿਲਾ ਪ੍ਰੋਜੈਕਟ ਏ।ਪ੍ਰਧਾਨ ਮੰਤਰੀ ਮੋਦੀ, ਸ਼੍ਰੀ ਅਟਲ ਬਿਹਾਰੀ ਜਪਾਈ ਦੀ 100ਵੀਂ ਜਨਮ ਵਰ੍ਹੇਗੰਢ ਮੌਕੇ ਯਾਦਗਾਰੀ ਡਾਕ ਟਿਕਟ ਅਤੇ ਸਿੱਕਾ ਵੀ ਜਾਰੀ ਕਰਨਗੇ। ਉਹ ਇੱਕ ਹਜ਼ਾਰ 153 ਅਟਲ ਗ੍ਰਾਮ ਸੁਸ਼ਾਸਨ ਇਮਾਰਤਾਂ ਦਾ ਨੀਂਹ ਪੱਥਰ ਵੀ ਰੱਖਣਗੇ। ਇਹ ਇਮਾਰਤਾਂ, ਗ੍ਰਾਮ ਪੰਚਾਇਤਾਂ ਦੇ ਕੰਮ ਅਤੇ ਜ਼ਿੰਮੇਵਾਰੀਆਂ

ਦੇ ਵਿਹਾਰਕ ਸੰਚਾਲਨ ਵਿੱਚ ਇੱਕ ਅਹਿਮ ਭੂਮਿਕਾ ਨਿਭਾਉਣਗੀਆਂ ਜਿਸ ਨਾਲ ਸਥਾਨਕ ਪੱਧਰ 'ਤੇ ਸੁਸ਼ਾਸਨ ਦੀ ਅਗਵਾਈ ਹੋਏਗੀ।

---------------------------------------------------------

ਰਾਸ਼ਟਰੀ ਖਪਤਕਾਰ ਦਿਵਸ ਦੇ ਮੌਕੇ 'ਤੇ, ਕੇਂਦਰੀ ਖਪਤਕਾਰ ਮਾਮਲਿਆਂ ਦੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਅੱਜ ਈ-ਕਾਮਰਸ ਪਲੇਟਫਾਰਮਾਂ 'ਤੇ dark patterns ਦੀ ਪਛਾਣ ਕਰਨ ਅਤੇ ਖਪਤਕਾਰਾਂ ਨੂੰ ਸ਼ਕਤੀ ਪ੍ਰਦਾਨ ਕਰਨ ਦੇ ਉਦੇਸ਼ ਨਾਲ ਕਈ ਪਹਿਲਕਦਮੀਆਂ ਦੀ ਸ਼ੁਰੂਆਤ ਕੀਤੀ। ਸ਼੍ਰੀ ਜੋਸ਼ੀ ਨੇ ਖਪਤਕਾਰਾਂ ਦੀ ਸੁਰੱਖਿਆ ਅਤੇ ਈ-ਕਾਮਰਸ ਪਲੇਟਫਾਰਮਾਂ 'ਤੇ dark patterns ਦੀ ਪਛਾਣ ਕਰਨ ਲਈ ਜਾਗੋ ਗ੍ਰਹਿਕ ਜਾਗੋ ਐਪ, ਜਾਗ੍ਰਿਤੀ ਐਪ, ਅਤੇ ਜਾਗ੍ਰਿਤੀ ਡੈਸ਼ਬੋਰਡ ਨੂੰ ਲਾਂਚ ਕੀਤਾ। 'ਜਾਗੋ ਗ੍ਰਹਿਕ ਜਾਗੋ ਐਪ ਖਪਤਕਾਰਾਂ ਦੀਆਂ ਔਨਲਾਈਨ ਗਤੀਵਿਧੀਆਂ ਦੌਰਾਨ ਸਾਰੇ URLs ਬਾਰੇ ਜ਼ਰੂਰੀ ਈ-ਕਾਮਰਸ ਜਾਣਕਾਰੀ ਪ੍ਰਦਾਨ ਕਰੇਗੀ, ਤੇ ਜੇਕਰ ਕੋਈ URL ਅਸੁਰੱਖਿਅਤ ਹੋ ਸਕਦਾ ਏ ਅਤੇ ਸਾਵਧਾਨੀ ਦੀ ਲੋੜ ਏ ਤਾਂ ਖਪਤਕਾਰਾਂ ਨੂੰ ਸੁਚੇਤ ਕਰੇਗੀ। ਆਪਣੇ ਸੰਦੇਸ਼ ਵਿੱਚ, ਸ਼੍ਰੀ ਜੋਸ਼ੀ ਨੇ ਖਪਤਕਾਰਾਂ ਦੇ ਅਧਿਕਾਰਾਂ ਦੀ ਰਾਖੀ ਅਤੇ ਸ਼ਕਤੀਕਰਨ ਲਈ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

ਓਹਨਾਂ ਕਿਹਾ ਕਿ, ਸਰਕਾਰ ਇੱਕ ਸੁਰੱਖਿਅਤ, ਪਾਰਦਰਸ਼ੀ ਅਤੇ ਭਰੋਸੇਮੰਦ ਬਾਜ਼ਾਰ ਪ੍ਰਦਾਨ ਕਰਨ ਅਤੇ ਡਿਜੀਟਲ ਖੇਤਰ ਵਿੱਚ ਅਨੁਚਿਤ ਵਪਾਰਕ ਢੰਗ- ਤਰੀਕਿਆਂ ਦੀ ਨਿਗਰਾਨੀ ਕਰਨ ਲਈ ਸਮਰਪਿਤ ਏ। ਸ਼੍ਰੀ ਜੋਸ਼ੀ ਨੇ ਸਾਰੇ ਹਿੱਸੇਦਾਰਾਂ-ਕਾਰੋਬਾਰੀ ਈ-ਕਾਮਰਸ ਪਲੇਟਫਾਰਮਾਂ, ਸਿਵਲ ਸਮਾਜ, ਅਤੇ ਨੇਮਬਧਕ ਅਥਾਰਟੀਆਂ- ਨੂੰ ਨੈਤਿਕ ਢੰਗ – ਤਰੀਕਿਆਂ ਅਤੇ ਮਜ਼ਬੂਤ ਖਪਤਕਾਰ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਰਲ ਕੇ ਕੰਮ ਕਰਨ ਦੀ ਅਪੀਲ ਕੀਤੀ। ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਇੱਕ ਮਜ਼ਬੂਤ ਖਪਤਕਾਰ ਹੀ ਇੱਕ ਮਜ਼ਬੂਤ ਰਾਸ਼ਟਰ ਦੀ ਨੀਂਹ ਰੱਖ ਸਕਦਾ ਏ. ਇਸ ਮੌਕੇ ਬੋਲਦਿਆਂ ਖਪਤਕਾਰ ਮਾਮਲਿਆਂ ਬਾਰੇ ਰਾਜ ਮੰਤਰੀ ਬੀ.ਐਲ. ਵਰਮਾ ਨੇ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਖਪਤਕਾਰਾਂ ਦੀ ਭੂਮਿਕਾ ਬਾਰੇ ਵੀ ਚਾਨਣਾ ਪਾਇਆ- BYTE-

---------------------------------------------------------

ਇਸੇ ਸਿਲਸਿਲੇ ਵਿੱਚ, ਜਲੰਧਰ ਖਪਤਕਾਰ ਸ਼ਿਕਾਇਤ ਨਿਵਾਰਨ ਕਮਿਸ਼ਨ ਦੇ ਮੁਖੀ ਡਾਕਟਰ ਹਰਵੀਨ ਭਾਰਦਵਾਜ ਨੇ ਦੱਸਿਆ ਕਿ ਸਾਰੇ ਖਪਤਕਾਰਾਂ ਨੂੰ ਸੁਚੇਤ ਰਹਿਣਾ ਚਾਹੀਦਾ ਏ ਅਤੇ ਖਰੀਦੀ ਗਈ ਕਿਸੇ ਵਸਤੂ ਦੇ ਖਰਾਬ ਨਿਕਲਣ ਦੀ ਸੂਰਤ ਵਿੱਚ,ਜੇਕਰ ਦੁਕਾਨਦਾਰ ਉਸਨੂੰ

ਵਾਪਸ ਲੈਣ ਤੋਂ ਇਨਕਾਰ ਕਰਦਾ ਏ ਤਾਂ, ਕਮਿਸ਼ਨ ਕੋਲ ਸ਼ਿਕਾਇਤ ਕਰਨੀ ਚਾਹੀਦੀ ਏ। ਡਾਕਟਰ ਭਾਰਦਵਾਜ ਨੇ ਕਿਹਾ ਕਿ ਕਿਸੇ ਵੀ ਖਰੀਦੀ ਗਈ ਵਸਤੂ ਦਾ ਬਿੱਲ ਹੋਣਾ ਬਹੁਤ ਜਰੂਰੀ ਏ। ਜੇਕਰ ਕੋਈ ਵਸਤੂ ਆਨਲਾਈਨ ਖਰੀਦਣ ਤੋਂ ਬਾਅਦ, ਖਰਾਬ ਨਿਕਲਦੀ ਏ ਅਤੇ ਸੰਬੰਧਿਤ ਕੰਪਨੀ ਉਸਨੂੰ ਵਾਪਸ ਨਹੀਂ ਲੈ ਰਹੀ, ਤਾਂ ਸ਼ਿਕਾਇਤ ਦਰਜ ਕਰਾਉਣ ਲਈ ਉਸ ਦਾ ਇਲੈਕਟਰੋਨਿਕ ਰਿਕਾਰਡ ਹੋਣਾ ਵੀ ਲਾਜ਼ਮੀ ਏ। ਉਹਨਾਂ ਕਿਹਾ ਕਿ ਜੇਕਰ ਕਿਸੇ ਹਵਾਈ ਕੰਪਨੀ ਵੱਲੋਂ, ਬਿਨਾਂ ਇਤਲਾਹ ਤੇ ਉਡਾਨ ਵਿੱਚ ਦੇਰੀ ਕੀਤੀ ਜਾਂਦੀ ਏ ਤੇ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਂਦਾ ਤਾਂ ਇਸ ਮਾਮਲੇ ਵਿੱਚ ਵੀ, ਖਪਤਕਾਰ ਵਲੋਂ ਸ਼ਿਕਾਇਤ ਕੀਤੀ ਜਾ ਸਕਦੀ ਏ। ਧੁੰਦ ਜਾਂ ਕੁਦਰਤੀ ਆਫਤਾਂ ਦੀ ਸਥਿਤੀ ਵਿੱਚ ਅਜਿਹਾ ਨਹੀਂ ਕੀਤਾ ਜਾ ਸਕਦਾ। ਉਨਾਂ ਦੱਸਿਆ ਕਿ ਕਿਸੇ ਵੀ ਖਪਤਕਾਰ ਵੱਲੋਂ 5 ਲੱਖ ਰੁਪਏ ਦੇ ਦਾਅਵੇ ਤੱਕ ਕੋਈ ਫੀਸ ਨਹੀਂ ਲਈ ਜਾਂਦੀ। ਖਪਤਕਾਰ ਕਮਿਸ਼ਨ ਸਾਰਾ ਖਰਚ ਆਪ ਹੀ ਅਦਾ ਕਰਦਾ ਏ। ਜੇਕਰ ਖਪਤਕਾਰ ਦਾ ਦਾਅਵਾ 10 ਲੱਖ ਤੋਂ 50 ਲੱਖ ਰੁਪਏ ਤੱਕ ਦਾ ਹੁੰਦਾ ਏ ਤਾਂ 200 ਰੁਪਏ ਤੋਂ ਲੈ ਕੇ ਇਕ ਹਜ਼ਾਰ ਰੁਪਏ ਤੱਕ ਫੀਸ ਲੱਗਦੀ ਏ। ਡਾਕਟਰ ਹਰਵੀਨ ਭਾਰਦਵਾਜ ਨੇ ਦੱਸਿਆ ਕਿ ਜੇਕਰ ਕੋਈ ਗਰੀਬ ਵਿਅਕਤੀ, ਫੀਸ ਦੇਣ ਵਿੱਚ ਅਸਮਰਥ ਏ ਤਾਂ ਜ਼ਿਲਾ ਕਾਨੂੰਨੀ

ਸਹਾਇਤਾ ਅਥਾਰਟੀ, ਕਾਨੂਨੀ ਕੇਸ ਲੜਨ ਵਿੱਚ ਉਸਦੀ ਮਦਦ ਕਰਦੀ ਏ।

-------------------------------------------------------

ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਵਸੀਲਿਆਂ ਬਾਰੇ ਮੰਤਰੀ, ਅਮਨ ਅਰੋੜਾ ਨੇ ਕਿਹਾ ਏ ਕਿ ਸੂਬੇ ਨੂੰ ਸੂਰਜੀ ਊਰਜਾ ਉਤਪਾਦਨ ਵਿੱਚ ਮੋਹਰੀ ਬਣਾਉਣ ਅਤੇ ਰਿਵਾਇਤੀ ਈਂਧਨ ’ਤੇ ਨਿਰਭਰਤਾ ਘਟਾਉਣ ਦੇ ਉਦੇਸ਼ ਨਾਲ, ਪੰਜਾਬ ਸਰਕਾਰ ਵੱਲੋਂ ਕੁੱਲ 264 ਮੈਗਾਵਾਟ ਸਮਰੱਥਾ ਦੇ 66 ਸੂਰਜੀ ਊਰਜਾ ਪਲਾਂਟ ਕਾਇਮ ਕੀਤੇ ਜਾਣਗੇ। ਅਮਨ ਅਰੋੜਾ ਨੇ ਦੱਸਿਆ ਕਿ ਸੂਰਜੀ ਊਰਜਾ ਦਾ ਇਹ ਵੱਕਾਰੀ ਪ੍ਰਾਜੈਕਟ, ਦਸੰਬਰ 2025 ਦੇ ਅਖੀਰ ਤੱਕ ਮੁਕੰਮਲ ਹੋ ਜਾਵੇਗਾ। ਇਸ ਪ੍ਰਾਜੈਕਟ ਦੇ ਚਾਲੂ ਹੋਣ ’ਤੇ ਸਾਲਾਨਾ ਲਗਭਗ 40 ਕਰੋੜ ਯੂਨਿਟ ਬਿਜਲੀ ਪੈਦਾ ਹੋਵੇਗੀ। ਪ੍ਰਾਜੈਕਟ ਦੇ ਲਾਗੂ ਹੋਣ ਨਾਲ ਖੇਤੀਬਾੜੀ ਬਿਜਲੀ ਸਬਸਿਡੀ ਦੇ ਕਰੀਬ 176 ਕਰੋੜ ਰੁਪਏ ਦੀ ਸਾਲਾਨਾ ਬੱਚਤ ਹੋਣ ਦੀ ਸੰਭਾਵਨਾ ਏ। ਇਹ ਪ੍ਰਾਜੈਕਟ ਸੂਬੇ ਦੀ ਨਵਿਆਉਣਯੋਗ ਊਰਜਾ ਸਮਰੱਥਾ ਵਿੱਚ ਅਹਿਮ ਯੋਗਦਾਨ ਪਾਵੇਗਾ ਅਤੇ ਇਸ ਤੋਂ ਇਲਾਵਾ ਊਰਜਾ ਦੇ ਰਿਵਾਇਤੀ

ਸਰੋਤਾਂ'ਤੇ ਨਿਰਭਰਤਾ ਘਟਾਉਣ ਦੇ ਨਾਲ-ਨਾਲ ਕਾਰਬਨ ਨਿਕਾਸੀ ਨੂੰ ਵੀ ਘੱਟ ਕਰੇਗਾ ।

----------------------------------------------------

ਪੰਜਾਬ ਵਿੱਚ, ਤਪਦਿਕ ਦੇ ਖਾਤਮੇ ਦੀ 100 ਦਿਨਾਂ ਦੀ ਮੁਹਿੰਮ ਨੇ ਤੇਜ਼ੀ ਫੜ ਲਈ ਏ। ਇਸ ਦੀ ਸ਼ੁਰੂਆਤ ਸਾਰੇ ਜ਼ਿਲ੍ਹਿਆਂ ਵਿੱਚ, ਸਬੰਧਤ ਸਿਹਤ ਅਧਿਕਾਰੀਆਂ ਤੋਂ ਪ੍ਰਚਾਰ ਲਈ, ਯੋਜਨਾਵਾਂ ਲੈਣ ਤੋਂ ਬਾਅਦ ਕੀਤੀ ਗਈ ਏ। ਜ਼ੋਖਮ ਵਾਲੇ ਜ਼ਿਲ੍ਹਿਆਂ 'ਤੇ ਵਧੇਰੇ ਧਿਆਨ ਦਿੱਤਾ ਗਿਆ ਏ। ਹੁਣ ਤੱਕ ਸਿਗਰਟਨੋਸ਼ੀ, ਸ਼ਰਾਬ ਦੀ ਲਤ ਵਾਲਿਆਂ ਅਤੇ 60 ਸਾਲ ਤੋਂ ਵੱਧ ਉਮਰ ਦੇ ਇੱਕ ਲੱਖ 6 ਹਜ਼ਾਰ ਤੋਂ ਵੱਧ ਸੰਵੇਦਨਸ਼ੀਲ ਵਿਅਕਤੀਆਂ ਦੀ ਜਾਂਚ ਕੀਤੀ ਜਾ ਚੁੱਕੀ ਏ। ਇਨ੍ਹਾਂ ਵਿੱਚ ਟੀਬੀ ਦੇ ਇਤਿਹਾਸ ਵਾਲੇ ਲਗਭਗ 1200 ਲੋਕ ਸ਼ਾਮਲ ਨੇ। **ਇੱਕ ਰਿਪੋਰਟ:**

----------------------------------------------------

2 ਪੰਜਾਬ ਐੱਨ ਸੀ ਸੀ ਬਟਾਲੀਅਨ ਵਿਖੇ ਐਸੋਸੀਏਟ ਐੱਨ ਸੀ ਸੀ ਅਫਸਰਾਂ ਦੀ ਸਲਾਨਾ ਕਾਨਫਰੰਸ ਕਰਵਾਈ ਗਈ। ਇਸ ਮੌਕੇਂ ਤਿੰਨ ਐੱਨ ਸੀ ਸੀ ਅਫਸਰਾਂ ਨੂੰ ਤਰੱਕੀ ਦਿੱਤੀ ਗਈ। ਕਾਨਫਰੰਸ ਵਿੱਚ ਹਿੱਸਾ ਲੈਣ

ਲਈ, ਵੱਖ-ਵੱਖ 25 ਵਿਦਿਅਕ ਸੰਸਥਾਵਾਂ ਦੇ ਐਸੋਸੀਏਟ ਐਨ ਸੀ ਸੀ ਅਫਸਰ ਇਕੱਠੇ ਹੋਏ। ਕਾਨਫਰੰਸ ਵਿੱਚ ਭਵਿੱਖ ਵਿੱਚ ਆਉਣ ਵਾਲੀਆਂ ਐਨ.ਸੀ.ਸੀ ਪ੍ਰੀਖਿਆਵਾਂ, ਆਰਮੀ ਅਟੈਚਮੈਂਟ ਕੈਂਪਾਂ, ਅਤੇ ਰਿਫ਼ਰੈਸ਼ਰ ਕੋਰਸਾਂ ਬਾਰੇ ਚਰਚਾ ਕੀਤੀ ਗਈ। ਕਾਨਫਰੰਸ ਦੀ ਪ੍ਰਧਾਨਗੀ 2 ਪੰਜਾਬ ਐਨਸੀਸੀ ਬਟਾਲੀਅਨ ਦੇ ਕਮਾਂਡਿੰਗ ਅਫਸਰ, ਕਰਨਲ ਵਿਨੋਦ ਜੋਸ਼ੀ ਨੇ ਕੀਤੀ। ਉਨ੍ਹਾਂ ਕਿਹਾ ਕਿ ਏਕਤਾ ਅਤੇ ਅਨੁਸ਼ਾਸਨ ਦੇ ਮੂਲ ਮੰਤਰ ਨਾਲ ਕੈਡਿਟਾਂ ਦੇ ਚਰਿੱਤਰ ਦਾ ਨਿਰਮਾਣ ਕਰਨਾ ਅਤੇ ਉਨ੍ਹਾਂ ਨੂੰ ਕੈਰੀਅਰ ਦੇ ਵੱਖ-ਵੱਖ ਵਿਕਲਪਾਂ ਤੋਂ ਜਾਣੂ ਕਰਵਾਉਣਾ ਐੱਨ ਸੀ ਸੀ ਦਾ ਮੁੱਖ ਮੰਤਵ ਏ। ਉਨ੍ਹਾਂ ਨੇ ਐਨ ਸੀ ਸੀ ਅਫਸਰਾਂ ਨੂੰ ਕੈਡਿਟਾਂ ਨੂੰ ਫੌਜ, ਪੁਲਿਸ ਅਤੇ ਨੀਮ ਫੌਜੀ ਬਲਾਂ ਵਿਚ ਭਰਤੀ ਹੋਣ ਲਈ ਉਤਸ਼ਾਹਿਤ ਕਰਨ ਦਾ ਸੁਨੇਹਾ ਦਿੱਤਾ।

---------------------------------------------------------

ਪੰਜਾਬ ਵਿਜੀਲੈਂਸ ਬਿਊਰੋ ਨੇ ਪੰਚਾਇਤੀ ਚੋਣ ਲਈ ਸਰਪੰਚ ਅਤੇ ਪੰਚਾਇਤ ਮੈਂਬਰਾਂ ਦੇ ਨਾਮਜ਼ਦਗੀ ਫਾਰਮ ਰੱਦ ਨਾ ਕਰਨ ਬਦਲੇ 23 ਲੱਖ ਰੁਪਏ ਦੀ ਰਿਸ਼ਵਤ ਲੈਣ ਅਤੇ ਆਪਣੇ ਅਧਿਕਾਰਾਂ ਦੀ

ਦੁਰਵਰਤੋਂ ਕਰਨ ਦੇ ਦੋਸ਼ ਹੇਠ ਗੁਲਾਬ ਸਿੰਘ, ਐਸ.ਡੀ.ਓ. ਨਹਿਰੀ ਵਿਭਾਗ ਫਿਰੋਜ਼ਪੁਰ, ਜੋ ਉਸ ਵੇਲੇ ਬਲਾਕ ਘੱਲ ਖੁਰਦ ਬਤੌਰ ਰਿਟਰਨਿੰਗ ਅਫਸਰ ਸਨ, ਤੇ ਨਾਲ ਹੀ ਦਵਿੰਦਰ ਸਿੰਘ, ਸਬ-ਇੰਸਪੈਕਟਰ ਖੇਤੀਬਾੜੀ ਵਿਭਾਗ ਫਿਰੋਜਪੁਰ, ਜੋ ਉਸ ਵੇਲੇ ਬਲਾਕ ਘੱਲ ਖੁਰਦ, ਦੇ ਸਹਾਇਕ ਰਿਟਰਨਿੰਗ ਅਫਸਰ ਸਨ, ਅਤੇ ਉੱਥੋਂ ਦੇ ਇੱਕ ਹੋਟਲ ਦੇ ਮਾਲਕ ਰਾਹੁਲ ਨਾਰੰਗ ਖਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਏ । ਇਸ ਮੁਕੱਦਮੇ ਵਿੱਚ ਗੁਲਾਬ ਸਿੰਘ, ਐਸ.ਡੀ.ਓ.ਅਤੇ ਹੋਟਲ ਦੇ ਮਾਲਕ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਏ ਅਤੇ ਉਹ ਇਸ ਵੇਲੇ ਜੇਲ੍ਹ ਵਿੱਚ ਬੰਦ ਨੇ । ਇਹ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਮੁਕੱਦਮਾ ਇੱਕ ਸ਼ਿਕਾਇਤ ਦੀ ਤਸਦੀਕ ਉਪਰੰਤ ਦਰਜ ਕੀਤਾ ਗਿਆ ਏ । ਇਸ ਮੁਕੱਦਮੇ ਦੀ ਹੋਰ ਤਫਤੀਸ਼ ਜਾਰੀ ਏ ।

---------------------------------------------------------------

ਮੌਸਮ ਵਿਭਾਗ (IMD) ਨੇ ਭਲਕੇ ਤੱਕ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਸੀਤ ਲਹਿਰ ਦੇ ਹਾਲਾਤ ਬਣੇ ਰਹਿਣ ਦੀ ਸੰਭਾਵਨਾ

ਜਤਾਈ ਏ । ਮੌਸਮ ਵਿਭਾਗ ਨੇ ਕਿਹਾ ਏ ਕਿ ਅਗਲੇ ਦੋ ਦਿਨਾਂ ਦੌਰਾਨ ਪੰਜਾਬ, ਹਰਿਆਣਾ, ਚੰਡੀਗੜ੍ਹ ਵਿੱਚ ਰਾਤ ਅਤੇ ਸਵੇਰ ਦੇ ਸਮੇਂ ਸੰਘਣੀ ਧੁੰਦ ਰਹੀ ਸਕਦੀ ਏ.ਇਸ ਬਾਰੇ ਚੰਡੀਗੜ੍ਹ ਸਥਿਤ ਮੌਸਮ ਵਿਭਾਗ ਦੇ ਡਾਇਰੈਕਟਰ ਸ਼੍ਰੀ ਸੁਰਿੰਦਰ ਪਾਲ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ BYTE

---------------------------------------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ ਵਿੱਚ ਨੀਤੀ ਆਯੋਗ ਵਿਖੇ ਉੱਘੇ ਅਰਥਸ਼ਾਸਤਰੀਆਂ ਨਾਲ ਬਜਟ ਤੋਂ ਪਹਿਲਾਂ ਦੇ ਸਲਾਹ-ਮਸ਼ਵਰਿਆਂ ਵਿੱਚ ਸ਼ਿਰਕਤ ਕੀਤੀ.
- ਰਾਸ਼ਟਰੀ ਖਪਤਕਾਰ ਦਿਵਸ ਦੇ ਮੌਕੇ 'ਤੇ, ਖਪਤਕਾਰ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਅੱਜ ਖਪਤਕਾਰਾਂ ਨੂੰ ਸ਼ਕਤੀ ਪ੍ਰਦਾਨ ਕਰਨ ਦੇ ਉਦੇਸ਼ ਨਾਲ ਕਈ ਪਹਿਲਕਦਮੀਆਂ ਦੀ ਸ਼ੁਰੂਆਤ ਕੀਤੀ।
- ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਵਸੀਲਿਆਂ ਬਾਰੇ ਮੰਤਰੀ, ਅਮਨ ਅਰੋੜਾ ਨੇ ਕਿਹਾ ਏ ਕਿ ਪੰਜਾਬ ਸਰਕਾਰ ਵੱਲੋਂ

ਸੂਬੇ'ਚ ਕੁੱਲ 264 ਮੈਗਾਵਾਟ ਸਮਰੱਥਾ ਦੇ 66 ਸੂਰਜੀ ਊਰਜਾ ਪਲਾਂਟ ਕਾਇਮ ਕੀਤੇ ਜਾਣਗੇ।

- ਪੰਜਾਬ'ਚ ਤਪਦਿਕ ਦੇ ਖਾਤਮੇ ਲਈ 100 ਦਿਨਾ ਮੁਹਿੰਮ ਸਫਲਤਾ ਨਾਲ ਜਾਰੀ ਏ.
- ਮੌਸਮ ਵਿਭਾਗ ਅਗਲੇ ਦੋ ਦਿਨਾਂ ਦੌਰਾਨ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਸੰਘਣੀ ਧੁੰਦ ਦੇ ਹਾਲਾਤ ਬਣੇ ਰਹਿਣ ਦੀ ਸੰਭਾਵਨਾ ਜਤਾਈ ਏ।